## ਕੀ ਮੈਂ ਆਮ ਚੋਣਾਂ ਦੇ ਦਿਨ ਤੋਂ ਪਹਿਲਾਂ ਵੋਟ ਪਾ ਸਕਦਾ ਹਾਂ?

**ਜੀ ਹਾਂ।** ਹਰ ਕਮਿਊਨਿਟੀ ਵਿੱਚ, ਆਮ ਚੋਣਾਂ ਦੇ ਦਿਨ ਤੋਂ ਦੱਸ ਦਿਨ ਪਹਿਲਾਂ ਵਾਲੇ ਬੁਧਵਾਰ ਸਵੇਰੇ 8 ਵਜੇ ਤੋਂ ਸ਼ਾਮ ਦੇ 8 ਵਜੇ ਤੱਕ ਇੱਕ ਅਗੇਤਾ ਚੋਣਾਂ ਦਾ ਦਿਨ ਹੋਵੇਗਾ।

ਇੱਕ ਸਥਾਨਕ ਸਰਕਾਰ ਜਾਂ ਸਕੂਲ ਜ਼ਿਲ੍ਹਾ ਜਿਵੇਂ ਨਿਰਧਾਰਤ ਕਰਦਾ ਹੈ ਉਸ ਅਨੁਸਾਰ ਬਹੁਤ ਸਾਰੀਆਂ ਕਮਿਊਨਿਟੀਆਂ ਚੋਣਾਂ ਦੇ ਹੋਰ ਅਗੇਤੇ ਮੌਕੇ ਮੁਹੱਈਆ ਕਰਦੀਆਂ ਹਨ। ਇਸ ਬਾਰੇ ਪਤਾ ਕਰਨ ਲਈ ਕਿ ਕੀ ਤੁਹਾਡੇ ਇਲਾਕੇ ਵਿੱਚ ਚੋਣਾਂ ਦੇ ਅਗੇਤੇ ਦਿਨ ਰੱਖੇ ਜਾਣਗੇ, ਜੇ ਹਾਂ ਤਾਂ ਕਦੋਂ ਰੱਖੇ ਜਾਣਗੇ, ਆਪਣੀ ਸਥਾਨਕ ਸਰਕਾਰ ਜਾਂ ਸਕੂਲ ਜ਼ਿਲ੍ਹੇ ਨਾਲ ਸੰਪਰਕ ਕਰੋ।

## ਜੇ ਵੋਟਾਂ ਪਹਿਲਾਂ ਪਾ ਸਕਣ ਵਾਲੇ ਦਿਨ ਅਤੇ ਵੋਟਾਂ ਦੇ ਆਮ ਦਿਨ, ਦੋਵੇਂ ਦਿਨ ਮੈਂ ਸ਼ਹਿਰੋਂ ਬਾਹਰ ਹੋਵਾਂ, ਤਾਂ?

ਕੁਝ ਸਥਾਨਕ ਸਰਕਾਰਾਂ ਡਾਕ ਵਾਲੇ ਬੈਲਟਾਂ ਦਾ ਇਸਤੇਮਾਲ ਕਰਦੀਆਂ ਹਨ, ਜੋ ਕਿ ਅਜਿਹੇ ਯੋਗ ਮਤਦਾਤਾਵਾਂ ਲਈ ਉਪਲਬਧ ਹੁੰਦੇ ਹਨ ਜਿਹੜੇ ਵੋਟਾਂ ਪੈਣ ਵਾਲੀ ਥਾਂ 'ਤੇ ਆਪ ਨਾ ਜਾ ਸਕਦੇ ਹੋਣ ਜਾਂ ਜਿਨ੍ਹਾਂ ਨੇ ਵੋਟਾਂ ਪਹਿਲਾਂ ਪਾ ਸਕਣ ਵਾਲੇ ਦਿਨ ਅਤੇ ਵੋਟਾਂ ਦੇ ਆਮ ਦਿਨ, ਦੋਵੇਂ ਦਿਨ ਸ਼ਹਿਰੋਂ ਬਾਹਰ ਹੋਣਾ ਹੋਵੇ।

## ਜੇਕਰ ਮੈਨੂੰ ਵੋਟ ਪਾਉਣ ਲਈ ਮਦਦ ਦੀ ਲੋੜ ਹੋਵੇ, ਤਾਂ?

ਸਾਰੀਆਂ ਸਥਾਨਕ ਸਰਕਾਰਾਂ ਲਈ ਇਹ ਜ਼ਰੂਰੀ ਹੁੰਦਾ ਹੈ ਕਿ ਉਹ ਵੋਟ ਪਾਉਣ ਦੀਆਂ ਥਾਂਵਾਂ ਨੂੰ ਸੰਭਵ ਤੌਰ 'ਤੇ ਜਿਨ੍ਹਾਂ ਪਹੁੰਚ-ਯੋਗ ਬਣਾ ਸਕਣ ਬਣਾਉਣ।

- ਜੇ ਤੁਸੀਂ ਕਿਸੇ ਬੀਮਾਰੀ, ਸੱਟ ਜਾਂ ਸਰੀਰਕ ਅਸਮਰੱਥਤਾ ਕਾਰਨ ਵੋਟਾਂ ਦੀ ਥਾਂ ਤੱਕ ਸਫਰ ਨਹੀਂ ਕਰ ਸਕਦੇ, ਤਾਂ ਇਹ ਪਤਾ ਕਰਨ ਲਈ ਆਪਣੀ ਸਥਾਨਕ ਸਰਕਾਰ ਨਾਲ ਸੰਪਰਕ ਕਰੋ ਕਿ ਕੀ ਉਹ ਡਾਕ ਰਾਹੀਂ ਭੇਜਣ ਵਾਲੇ ਬੈਲਟ ਮੁਹੱਈਆ ਕਰਦੇ ਹਨ।
- ਜੇ ਤੁਸੀਂ ਵੋਟਾਂ ਵਾਲੀ ਥਾਂ ਤੱਕ ਸਫਰ ਕਰ ਸਕਦੇ ਹੋ, ਲੇਕਨ ਵੋਟਾਂ ਵਾਲੀ ਇਮਾਰਤ ਜਾਂ ਕਮਰੇ ਵਿੱਚ ਜਾਣ ਵਿੱਚ ਮੁਸ਼ਕਲ ਮਹਿਸੂਸ ਕਰਦੇ ਹੋ, ਤਾਂ ਤੁਸੀਂ ਕਿਸੇ ਚੋਣ-ਅਧਿਕਾਰੀ ਨੂੰ ਇਹ ਬੇਨਤੀ ਕਰ ਸਕਦੇ ਹੋ ਕਿ ਉਹ ਤੁਹਾਨੂੰ ਬੈਲਟ ਬਾਹਰ ਲਿਆ ਦੇਵੇ। ਇਸ ਨੂੰ "ਕਰਬ ਸਾਈਡ" ਵੋਟਿੰਗ ਕਹਿੰਦੇ ਹਨ।
- ਜੇ ਤੁਸੀਂ ਆਪਣੇ ਬੈਲਟ 'ਤੇ ਨਿਸ਼ਾਨ ਨਹੀਂ ਲਗਾ ਸਕਦੇ, ਤਾਂ ਤੁਸੀਂ ਕਿਸੇ ਚੋਣ-ਅਧਿਕਾਰੀ, ਦੋਸਤ ਜਾਂ ਰਿਸ਼ਤੇਦਾਰ ਨੂੰ ਮਦਦ ਲਈ ਕਹਿ ਸਕਦੇ ਹੋ।
- ਜੇ ਤੁਹਾਨੂੰ ਕਿਸੇ ਅਨੁਵਾਦਕ ਦੀ ਲੋੜ ਹੋਵੇ, ਤਾਂ ਤੁਸੀਂ ਕਿਸੇ ਨੂੰ ਆਪਣੇ ਨਾਲ ਮਦਦ ਲਈ ਲਿਆ ਸਕਦੇ ਹੋ। ਅਨੁਵਾਦਕ ਇਹ ਰਸਮੀ ਬਿਆਨ ਦੇ ਸਕਣ ਦੇ ਕਾਬਲ ਹੋਣਾ ਚਾਹੀਦਾ ਹੈ ਕਿ ਉਹ ਆਪਣੀ ਕਾਬਲੀਅਤ ਮੁਤਾਬਕ ਬਿਹਤਰੀਨ ਤਰਜਮਾ ਕਰ ਸਕਦਾ ਹੈ ਅਤੇ ਕਰੇਗਾ।

## ਕੀ ਮੈਨੂੰ ਪਛਾਣ ਦੇ ਸਬੂਤ ਦੀ ਲੋੜ ਹੈ?

**ਜੀ ਹਾਂ।** ਤੁਹਾਨੂੰ ਪਛਾਣ ਦੇ ਦੋ ਸਬੂਤਾਂ ਦੀ ਲੋੜ ਹੋਵੇਗੀ ਜਿਹੜੇ ਇਹ ਸਾਬਤ ਕਰਨ ਕਿ ਤੁਸੀਂ ਕੌਣ ਹੋ ਅਤੇ ਕਿੱਥੇ ਰਹਿੰਦੇ ਹੋ। ਉਨ੍ਹਾਂ ਵਿੱਚੋਂ ਇੱਕ 'ਤੇ ਤੁਹਾਡੇ ਦਸਤਖ਼ਤ ਹੋਣੇ ਲਾਜ਼ਮੀ ਹਨ।

ਆਪਣੀ ਸਥਾਨਕ ਸਰਕਾਰ ਨਾਲ ਇਹ ਜਾਣਨ ਲਈ ਸੰਪਰਕ ਕਰੋ ਕਿ ਉਨ੍ਹਾਂ ਨੂੰ ਕੀ ਚਾਹੀਦਾ ਹੈ।

## ਚੋਣਾਂ ਦੇ ਕਨੂੰਨ ਦੀ ਪਾਲਣਾ ਨਾ ਕਰਨ ਦੀਆਂ ਕੀ ਸਜ਼ਾਵਾਂ ਹਨ?

ਕਿਸੇ ਵੀ ਐਸੇ ਵਿਅਕਤੀ ਨੂੰ $5,000 ਤੱਕ ਜੁਰਮਾਨਾ ਅਤੇ/ਜਾਂ ਇੱਕ ਸਾਲ ਤੱਕ ਕੈਦ ਹੋ ਸਕਦੀ ਹੈ ਜੋ ਚੋਣਾਂ ਸਬੰਧੀ ਕੋਈ ਜੁਰਮ ਕਰਦਾ ਹੈ, ਜਿਵੇਂ ਕਿ ਦੋ ਵਾਰ ਵੋਟ ਪਾਉਣਾ ਜਾਂ ਕਿਸੇ ਝੂਠੇ ਬਿਆਨ 'ਤੇ ਦਸਤਖ਼ਤ ਕਰਨਾ। ਉਸਨੂੰ ਛੇ ਸਾਲ ਲਈ ਕਿਸੇ ਦਫ਼ਤਰ ਦਾ ਕਾਰਜ-ਭਾਰ ਸੰਭਾਲਣ ਅਤੇ/ਜਾਂ ਸਥਾਨਕ ਸਰਕਾਰ ਦੀਆਂ ਚੋਣਾਂ ਵਿੱਚ ਵੋਟ ਪਾਉਣ ਤੋਂ ਵੀ ਰੋਕਿਆ ਜਾ ਸਕਦਾ ਹੈ।

ਕਿਸੇ ਜ਼ਿਆਦਾ ਸੰਗੀਨ ਜੁਰਮ, ਜਿਵੇਂ ਕਿ ਵੋਟ ਖਰੀਦਣਾ ਜਾਂ ਡਰਾਉਣਾ, ਵਿੱਚ ਦੋਸ਼ੀ ਠਹਿਰਾਏ ਗਏ ਵਿਅਕਤੀ ਨੂੰ $10,000 ਤੱਕ ਜੁਰਮਾਨਾ ਅਤੇ/ਜਾਂ ਦੋ ਸਾਲ ਤੱਕ ਕੈਦ ਹੋ ਸਕਦੀ ਹੈ।

## ਮੈਂ ਬ੍ਰਿਟਿਸ਼ ਕੋਲੰਬੀਆ ਦੀਆਂ ਸਥਾਨਕ ਚੋਣਾਂ ਵਿੱਚ ਚੋਣਾਂ ਬਾਰੇ ਵਧੇਰੇ ਜਾਣਕਾਰੀ ਹੋਰ ਕਿਧਰੋਂ ਲੈ ਸਕਦਾ ਹਾਂ?

ਜਿੱਥੇ ਤੁਸੀਂ ਰਹਿੰਦੇ ਹੋ ਜਾਂ ਜਿੱਥੇ ਤੁਹਾਡੀ ਜਾਇਦਾਦ ਹੈ, ਉੱਥੇ ਵੋਟ ਪਾਉਣ ਬਾਰੇ ਖ਼ਾਸ ਸਵਾਲਾਂ ਲਈ, ਕਿਰਪਾ ਕਰਕੇ ਆਪਣੀ ਸਥਾਨਕ ਸਰਕਾਰ ਜਾਂ ਸਕੂਲ ਜ਼ਿਲ੍ਹੇ ਨੂੰ ਫੋਨ ਕਰੋ ਜਾਂ ਲਿਖੋ। ਪਤੇ ਤੇ ਫੋਨ ਨੰਬਰ ਤੁਹਾਡੀ ਸਥਾਨਕ ਫੋਨ ਬੁੱਕ ਦੇ ਨੀਲੇ ਸਫ਼ਿਆ 'ਤੇ ਦਿੱਤੇ ਗਏ ਹਨ। ਤੁਹਾਨੂੰ ਸਥਾਨਕ ਸਰਕਾਰਾਂ ਨਾਲ ਸੰਪਰਕ ਕਰਨ ਲਈ ਜਾਣਕਾਰੀ, ਆਨਲਾਈਨ ਵੀ ਇਸ ਪਤੇ ਤੋਂ ਮਿਲ ਸਕਦੀ ਹੈ: www.civicinfo.bc.ca/

ਨਗਰਪਾਲਕਾ, ਖੇਤਰੀ ਜ਼ਿਲ੍ਹੇ ਜਾਂ ਆਈਲੈਂਡਸ ਟਰਸਟ (ਬ੍ਰਿਟਿਸ਼ ਕੋਲੰਬੀਆ ਦੇ ਟਾਪੂਆਂ ਦਾ ਟਰਸਟ) ਚੋਣਾਂ ਬਾਰੇ ਹੋਰ ਸਵਾਲਾਂ ਲਈ ਕਿਰਪਾ ਕਰਕੇ ਫੋਨ ਕਰੋ ਜਾਂ ਲਿਖੋ:

**Ministry of Community Development**
**Local Government Department**
**PO Box 9839 Stn. Prov. Govt.**
**Victoria, BC V8W 9T1**
**Phone 250-387-4020**
**www.cd.gov.bc.ca/lgd/**
**gov_structure/elections/index.htm**

ਸਕੂਲ ਬੋਰਡ ਟਰਸਟੀਆਂ ਲਈ ਚੋਣਾਂ ਬਾਬਤ ਹੋਰ ਸਵਾਲਾਂ ਲਈ, ਕਿਰਪਾ ਕਰਕੇ ਫੋਨ ਕਰੋ ਜਾਂ ਲਿਖੋ:

**Ministry of Education**
**Governance and Legislation**
**PO Box 9146 Stn. Prov. Govt.**
**Victoria, BC V8W 9H1**
**Phone 250-356-1404**
**www.bced.gov.bc.ca/legislation/**
**trustee_election/welcome.htm**

This information is also available in English.

This information is also available in French.
Cette information est aussi disponible en français.

This information is also available in Chinese.
本手冊亦備有中文版本。

QP 4500182914

# ਵੋਟਰਾਂ ਲਈ ਗਾਈਡ



## ਬ੍ਰਿਟਿਸ਼ ਕੋਲੰਬੀਆ ਵਿੱਚ ਸਥਾਨਕ ਚੋਣਾਂ

2008

BRITISH COLUMBIA
The Best Place on Earth

# ਵੋਟਰਾਂ ਲਈ ਗਾਈਡ

ਇਸ ਗਾਈਡ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਸਥਾਨਕ ਸਰਕਾਰੀ ਚੋਣਾਂ ਦੇ ਸਬੰਧ ਵਿੱਚ ਕੁੱਝ ਮੁੱਢਲੇ ਸਵਾਲਾਂ ਦਾ ਜਵਾਬ ਦੇਣ ਲਈ ਤਿਆਰ ਕੀਤਾ ਗਿਆ ਹੈ।

ਸਥਾਨਕ ਸਰਕਾਰ ਅਜਿਹੀ ਸਰਕਾਰ ਹੁੰਦੀ ਹੈ ਜੋ ਕਮਿਊਨਿਟੀ ਦੇ ਪੱਧਰ 'ਤੇ ਹੁੰਦੀ ਹੈ – ਇੱਕ ਅਜਿਹੀ ਸਰਕਾਰ ਜੋ ਸਾਨੂੰ ਸਾਰਿਆਂ ਨੂੰ ਪ੍ਰਭਾਵਤ ਕਰਦੀ ਹੈ, ਹਰ ਰੋਜ਼।

ਸਥਾਨਕ ਚੋਣਾਂ ਇਨ੍ਹਾਂ ਲਈ ਕਰਵਾਈਆਂ ਜਾਂਦੀਆਂ ਹਨ:

- ਨਗਰਪਾਲਕਾਵਾਂ;
- ਖੇਤਰੀ ਜ਼ਿਲ੍ਹੇ (ਡਿਸਟਰਿਕਟ);
- ਸਕੂਲ ਜ਼ਿਲ੍ਹੇ; ਅਤੇ
- ਆਈਲੈਂਡਸ ਟਰਸਟ (ਬ੍ਰਿਟਿਸ਼ ਕੋਲੰਬੀਆ ਦੇ ਟਾਪੂਆਂ ਦਾ ਟਰਸਟ)।

### ਕੀ ਮੈਂ ਵੋਟ ਪਾਉਣ ਲਈ ਯੋਗ ਹਾਂ?

ਤੁਸੀਂ ਬ੍ਰਿਟਿਸ਼ ਕੋਲੰਬੀਆ ਦੀਆਂ ਸਥਾਨਕ ਚੋਣਾਂ ਵਿੱਚ ਇੱਕ ਰਿਹਾਇਸ਼ੀ ਮਤਦਾਤਾ ਵਜੋਂ ਵੋਟ ਪਾ ਸਕਦੇ ਹੋ ਜੇਕਰ ਤੁਸੀਂ:

- ਕੈਨੇਡਾ ਦੇ ਨਾਗਰਕ ਹੋ;
- ਆਮ ਚੋਣਾਂ ਦੇ ਦਿਨ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ;
- ਵੋਟ ਲਈ ਰਜਿਸਟਰ ਕਰਵਾਉਣ ਤੋਂ ਪਹਿਲਾਂ ਘੱਟੋ ਘੱਟ ਛੇ ਮਹੀਨੇ ਲਈ ਬ੍ਰਿਟਿਸ਼ ਕੋਲੰਬੀਆ ਵਿੱਚ ਰਹੇ ਹੋ; ਅਤੇ
- ਵੋਟ ਲਈ ਰਜਿਸਟਰ ਕਰਵਾਉਣ ਤੋ ਪਹਿਲਾਂ 30 ਜਾਂ ਇਸ ਤੋਂ ਜ਼ਿਆਦਾ ਦਿਨਾਂ ਲਈ ਉਸ ਨਗਰਪਾਲਕਾ, ਖੇਤਰੀ ਜ਼ਿਲ੍ਹੇ ਜਾਂ ਸਕੂਲ ਜ਼ਿਲ੍ਹੇ ਵਿੱਚ ਰਹੇ ਹੋ ਜਿੱਥੇ ਤੁਸੀਂ ਵੋਟ ਪਾਉਣਾ ਚਾਹੁੰਦੇ ਹੋ।

### ਮੇਰੀ ਬ੍ਰਿਟਿਸ਼ ਕੋਲੰਬੀਆ ਵਿੱਚ ਕਿਸੇ ਹੋਰ ਥਾਂ 'ਤੇ ਵੀ ਜਾਇਦਾਦ ਹੈ – ਕੀ ਮੈਂ ਉਸ ਥਾਂ 'ਤੇ ਵੀ ਵੋਟ ਪਾ ਸਕਦਾ ਹਾਂ?

**ਜੀ ਹਾਂ।** ਇੱਕ ਗ਼ੈਰ-ਰਿਹਾਇਸ਼ੀ ਜਾਇਦਾਦ (ਜਿੱਥੇ ਤੁਸੀਂ ਆਪ ਨਹੀਂ ਰਹਿੰਦੇ) ਦੇ ਮਾਲਕ ਹੋਣ ਦੀ ਹੈਸੀਅਤ ਵਿੱਚ – ਜੇ ਤੁਹਾਡੀ ਜਾਇਦਾਦ ਕਿਸੇ ਹੋਰ ਥਾਂ 'ਤੇ ਹੈ ਲੇਕਨ ਤੁਸੀਂ ਰਹਿੰਦੇ ਕਿਸੇ ਹੋਰ ਥਾਂ 'ਤੇ ਹੋ – ਤਾਂ ਤੁਹਾਡਾ ਦੋਵਾਂ ਥਾਂਵਾਂ 'ਤੇ ਵੋਟ ਪਾਉਣ ਦਾ ਹੱਕ ਹੈ, ਜਿੱਥੇ ਤੁਸੀਂ ਰਹਿੰਦੇ ਹੋ ਅਤੇ ਜਿੱਥੇ ਤੁਹਾਡੀ ਜਾਇਦਾਦ ਹੈ।

ਇੱਕ ਗ਼ੈਰ-ਰਿਹਾਇਸ਼ੀ ਜਾਇਦਾਦ ਦੇ ਮਾਲਕ ਵਾਲੇ ਮਤਦਾਤਾ ਹੋਣ ਦੀ ਹੈਸੀਅਤ ਵਿੱਚ ਤੁਸੀਂ ਬ੍ਰਿਟਿਸ਼ ਕੋਲੰਬੀਆ ਵਿੱਚ ਵੋਟ ਪਾ ਸਕਦੇ ਹੋ ਜੇਕਰ ਤੁਸੀਂ:

- ਉਸ ਕਮਿਊਨਿਟੀ ਵਿੱਚ ਇੱਕ ਰਿਹਾਇਸ਼ੀ ਮਤਦਾਤਾ ਨਹੀਂ ਹੋ;
- ਕੈਨੇਡਾ ਦੇ ਨਾਗਰਕ ਹੋ;
- ਆਮ ਚੋਣਾਂ ਦੇ ਦਿਨ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ;
- ਵੋਟ ਲਈ ਰਜਿਸਟਰ ਕਰਵਾਉਣ ਤੋਂ ਪਹਿਲਾਂ ਘੱਟੋ ਘੱਟ ਛੇ ਮਹੀਨੇ ਲਈ ਬ੍ਰਿਟਿਸ਼ ਕੋਲੰਬੀਆ ਵਿੱਚ ਰਹੇ ਹੋ; ਅਤੇ
- ਵੋਟ ਲਈ ਰਜਿਸਟਰ ਕਰਵਾਉਣ ਤੋਂ ਪਹਿਲਾਂ ਘੱਟੋ ਘੱਟ 30 ਦਿਨ ਤੋਂ ਇਸ ਜਾਇਦਾਦ ਦੇ ਮਾਲਕ ਹੋ।

### ਜੇ ਮੈਂ ਇੱਕ ਤੋਂ ਵੱਧ ਜਾਇਦਾਦ ਦਾ ਮਾਲਕ ਹੋਵਾਂ, ਫਿਰ?

ਤੁਸੀਂ ਕਿਸੇ ਵੀ ਨਗਰਪਾਲਕਾ, ਖੇਤਰੀ ਜ਼ਿਲ੍ਹੇ ਜਾਂ ਸਕੂਲ ਜ਼ਿਲ੍ਹੇ ਵਿੱਚ ਇੱਕ ਗ਼ੈਰ-ਰਿਹਾਇਸ਼ੀ ਜਾਇਦਾਦ ਵਾਲੇ ਮਤਦਾਤਾ ਹੋਣ ਦੀ ਹੈਸੀਅਤ ਵਿੱਚ ਇੱਕ ਜਾਇਦਾਦ ਲਈ ਸਿਰਫ ਇੱਕ ਵਾਰ ਹੀ ਵੋਟ ਪਾ ਸਕਦੇ ਹੋ।

ਦੂਜੇ ਸ਼ਬਦਾਂ ਵਿੱਚ, ਜੇ ਕਿਸੇ ਇੱਕ ਨਗਰਪਾਲਕਾ ਵਿੱਚ ਤੁਹਾਡੀਆਂ ਦੋ ਜਾਇਦਾਦਾਂ ਹੋਣ, ਤਾਂ ਤੁਸੀਂ ਸਿਰਫ ਇੱਕ ਵਾਰ ਹੀ ਵੋਟ ਪਾ ਸਕਦੇ ਹੋ। ਲੇਕਨ, ਇਸ ਦੇ ਬਾਵਜੂਦ, ਜੇ ਕਿਸੇ ਨਗਰਪਾਲਕਾ ਵਿੱਚ ਤੁਹਾਡੀ ਇੱਕ ਜਾਇਦਾਦ ਹੈ ਅਤੇ ਕਿਸੇ ਹੋਰ ਵਿੱਚ ਦੂਜੀ, ਤਾਂ ਤੁਸੀਂ ਦੋਵਾਂ ਹਲਕਿਆਂ ਵਿੱਚ ਵੋਟ ਪਾ ਸਕਦੇ ਹੋ।

### ਜੇ ਕਿਸੇ ਜਾਇਦਾਦ ਵਿੱਚ ਮੇਰੀ ਸਾਂਝੀ ਮਲਕੀਅਤ ਹੋਵੇ, ਫਿਰ?

ਹਰ ਜਾਇਦਾਦ ਲਈ ਸਿਰਫ ਇੱਕ ਗ਼ੈਰ-ਰਿਹਾਇਸ਼ੀ ਜਾਇਦਾਦ ਦਾ ਮਾਲਕ ਹੀ ਵੋਟ ਪਾ ਸਕਦਾ ਹੈ।

ਦੂਜੇ ਸ਼ਬਦਾਂ ਵਿੱਚ, ਜੇ ਦੋ ਜਾਂ ਦੋ ਤੋਂ ਵੱਧ ਗ਼ੈਰ-ਰਿਹਾਇਸ਼ੀ ਜਾਇਦਾਦ ਦੇ ਮਾਲਕਾਂ ਕੋਲ ਇੱਕੋ ਜਾਇਦਾਦ ਦੀ ਮਲਕੀਅਤ ਹੋਵੇ, ਤਾਂ ਇਹ ਲਾਜ਼ਮੀ ਹੈ ਕਿ ਮਾਲਕ ਬਹੁ-ਸੰਮਤੀ ਨਾਲ – ਲਿਖਤੀ ਰੂਪ ਵਿੱਚ – ਕਿਸੇ ਇੱਕ ਮਾਲਕ ਨੂੰ ਉਸ ਜਾਇਦਾਦ ਲਈ ਗ਼ੈਰ-ਰਿਹਾਇਸ਼ੀ ਜਾਇਦਾਦ ਵਾਲਾ ਮਤਦਾਤਾ ਨਾਮਜ਼ਦ ਕਰਨ। ਜੇ ਤੁਸੀਂ ਕਿਸੇ ਕਾਰਪੋਰੇਸ਼ਨ ਦੇ ਨਾਲ ਜਾਇਦਾਦ ਦੇ ਮਾਲਕ ਹੋ, ਤਾਂ ਜਾਇਦਾਦ ਦਾ ਕੋਈ ਵੀ ਮਾਲਕ ਵੋਟ ਪਾਉਣ ਦਾ ਹੱਕਦਾਰ ਨਹੀਂ ਹੈ।

### ਜੇ ਕਿਸੇ ਜਾਇਦਾਦ ਵਿੱਚ ਮੇਰੀ ਸਾਂਝੀ ਮਲਕੀਅਤ ਹੋਵੇ, ਤੇ ਦੂਜਾ ਮਾਲਕ ਉਸ ਘਰ ਵਿੱਚ ਰਹਿ ਰਹਾ ਹੋਵੇ, ਫਿਰ?

ਉਸ ਘਰ ਵਿੱਚ ਰਹਿ ਰਿਹਾ ਵਿਅਕਤੀ ਇੱਕ ਰਿਹਾਇਸ਼ੀ ਮਤਦਾਤਾ ਵਜੋਂ ਵੋਟ ਪਾ ਸਕਦਾ ਹੈ ਕਿਉਂਕਿ ਉਹ ਉੱਥੇ ਰਹਿ ਰਿਹਾ ਹੈ। ਇੱਕ ਗ਼ੈਰ-ਰਿਹਾਇਸ਼ੀ ਜਾਇਦਾਦ ਦੇ ਮਾਲਕ ਹੋਣ ਵਜੋਂ, ਉਸ ਜਾਇਦਾਦ ਲਈ ਤੁਸੀਂ ਵੀ ਵੋਟ ਪਾਉਣ ਦੇ ਹੱਕਦਾਰ ਹੋ, ਲੇਕਨ ਫਿਰ ਵੀ ਤੁਹਾਨੂੰ ਦੂਜੇ ਮਾਲਕ (ਮਾਲਕਾਂ) ਤੋਂ ਲਿਖਤੀ ਰੂਪ ਵਿੱਚ ਸਹਿਮਤੀ ਲੈਣ ਦੀ ਲੋੜ ਪਵੇਗੀ।

### ਜੇ ਮੈਂ ਕਿਸੇ ਫਸਟ ਨੇਸ਼ਨ ਰਿਜ਼ਰਵ ਵਿੱਚ ਰਹਿੰਦਾ/ਰਹਿੰਦੀ ਹੋਵਾਂ, ਤਾਂ?

ਫਸਟ ਨੇਸ਼ਨ ਦੇ ਮੈਂਬਰ ਅਤੇ ਗ਼ੈਰ-ਮੈਂਬਰ ਜਿਹੜੇ ਕਿਸੇ ਰਿਜ਼ਰਵ 'ਤੇ ਰਹਿੰਦੇ ਹੋਣ ਅਤੇ ਇਕ ਰਿਹਾਇਸ਼ੀ ਮਤਦਾਤਾ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ, ਵੋਟ ਪਾ ਸਕਦੇ ਹਨ। ਤੁਸੀਂ ਕਿੱਥੇ ਵੋਟ ਪਾਉਂਦੇ ਹੋ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਕੀ ਰਿਜ਼ਰਵ ਕਿਸੇ ਨਗਰਪਾਲਕਾ ਅੰਦਰ ਹੈ ਜਾਂ ਪ੍ਰਾਦੇਸ਼ਕ ਡਿਸਟਰਿਕਟ ਮਤਦਾਨ ਖੇਤਰ ਵਿੱਚ। ਇਹ ਨਿਰਧਾਰਤ ਕਰਨ ਲਈ ਕਿ ਰਿਜ਼ਰਵ ਕਿਹੜੀ ਹੱਦ ਵਿੱਚ ਸਥਿਤ ਹੈ, ਆਪਣੇ ਸਭ ਤੋਂ ਨਜ਼ਦੀਕੀ ਸਰਕਾਰੀ ਦਫ਼ਤਰ ਨਾਲ ਸੰਪਰਕ ਕਰੋ।

### ਕੀ ਕੋਈ ਅਜਿਹਾ ਵਿਅਕਤੀ ਵੀ ਹੈ ਜੋ ਸਥਾਨਕ ਚੋਣਾਂ ਵਿੱਚ ਵੋਟ ਨਹੀਂ ਪਾ ਸਕਦਾ?

**ਜੀ ਹਾਂ।** (ਭਾਵੇਂ ਤੁਸੀਂ ਇੱਕ ਰਿਹਾਇਸ਼ੀ ਮਤਦਾਤਾ ਹੋਵੋ ਤੇ ਭਾਵੇਂ ਗ਼ੈਰ-ਰਿਹਾਇਸ਼ੀ ਜਾਇਦਾਦ ਦੇ ਮਾਲਕ ਵਾਲੇ ਮਤਦਾਤਾ) ਤੁਸੀਂ ਬ੍ਰਿਟਿਸ਼ ਕੋਲੰਬੀਆ ਵਿੱਚ ਵੋਟ ਨਹੀਂ ਪਾ ਸਕਦੇ ਜੇਕਰ ਤੁਸੀਂ:

- ਕਿਸੇ ਅਪਰਾਧੀ ਠਹਿਰਾਉਣ ਯੋਗ ਅਪਰਾਧ ਲਈ ਦੋਸ਼ੀ ਠਹਿਰਾਏ ਗਏ ਹੋ ਅਤੇ ਹਿਰਾਸਤ ਵਿੱਚ ਹੋ, ਜਾਂ
- ਕਿਸੇ ਚੋਣਾਂ ਸਬੰਧੀ ਜੁਰਮ ਲਈ ਦੋਸ਼ੀ ਪਾਏ ਗਏ ਹੋ, ਜਿਵੇਂ ਕਿ ਡਰਾਉਣਾ ਧਮਕਾਉਣਾ ਜਾਂ ਵੋਟਾਂ ਖਰੀਦਣਾ, ਜਾਂ
- ਜੇ ਤੁਸੀਂ ਵੈਸੇ ਵੋਟ ਪਾਉਣ ਦੇ ਯੋਗ ਹੋਣ ਲਈ ਜ਼ਰੂਰੀ ਸ਼ਰਤਾਂ ਪੂਰੀਆਂ ਨਹੀਂ ਕਰਦੇ।

### ਮੈਂ ਚੋਣਾਂ ਲਈ ਰਜਿਸਟਰ ਕਿਵੇਂ ਕਰਵਾਵਾਂ?

ਤੁਸੀਂ ਆਮ ਚੋਣਾਂ ਤੋਂ ਪਹਿਲਾਂ ਆਪਣੇ ਸਥਾਨਕ ਸਰਕਾਰ ਜਾਂ ਸਕੂਲ ਜ਼ਿਲ੍ਹੇ ਦੇ ਦਫ਼ਤਰ ਵਿੱਚ, ਜਾਂ ਵੋਟਾਂ ਪੈਣ ਵਾਲੀ ਥਾਂ 'ਤੇ ਰਜਿਸਟਰ ਕਰਵਾ ਸਕਦੇ ਹੋ।

ਕੁੱਝ ਕਮਿਊਨਿਟੀਆਂ ਸਾਰੇ ਵੋਟਰਾਂ ਨੂੰ ਵੋਟਾਂ ਦੇ ਦਿਨ ਰਜਿਸਟਰ ਕਰਨ ਦਾ ਫੈਸਲਾ ਕਰ ਸਕਦੀਆਂ ਹਨ। ਆਪਣੇ ਇਲਾਕੇ ਵਿੱਚ ਰਜਿਸਟਰੇਸ਼ਨ ਦੀ ਕਾਰਜਵਿਧੀ ਬਾਰੇ ਪਤਾ ਕਰਨ ਲਈ, ਕਿਰਪਾ ਕਰਕੇ ਆਪਣੇ ਸਥਾਨਕ ਸਰਕਾਰ ਜਾਂ ਸਕੂਲ ਜ਼ਿਲ੍ਹੇ ਦੇ ਦਫ਼ਤਰ ਨਾਲ ਸੰਪਰਕ ਕਰੋ।

### ਕੀ ਗ਼ੈਰ-ਰਿਹਾਇਸ਼ੀ ਜਾਇਦਾਦ ਦੇ ਮਾਲਕ ਵੀ ਉਸੇ ਤਰ੍ਹਾਂ ਹੀ ਰਜਿਸਟਰ ਕਰਵਾਉਂਦੇ ਹਨ?

**ਜੀ ਹਾਂ।** ਗ਼ੈਰ-ਰਿਹਾਇਸ਼ੀ ਜਾਇਦਾਦ ਦੇ ਮਾਲਕ ਹੋਣ ਦੇ ਨਾਤੇ, ਜਿਹੜੀ ਸਥਾਨਕ ਸਰਕਾਰ ਅੰਦਰ ਤੁਹਾਡੀ ਜਾਇਦਾਦ ਪੈਂਦੀ ਹੈ ਤੁਸੀਂ ਉਸ ਨਾਲ ਵੀ ਪਹਿਲਾਂ ਤੋਂ ਹੀ ਰਜਿਸਟਰ ਹੋ ਸਕਦੇ ਹੋ, ਜਾਂ ਫਿਰ ਤੁਸੀਂ ਵੋਟਾਂ ਪੈਣ ਵਾਲੀ ਥਾਂ 'ਤੇ ਰਜਿਸਟਰ ਹੋ ਸਕਦੇ ਹੋ। ਤੁਹਾਨੂੰ ਅਸਲੀ ਜਾਇਦਾਦ ਦਾ ਕਨੂੰਨੀ ਵਰਨਨ ਦੇਣਾ ਪਵੇਗਾ। ਜੇ ਤੁਸੀਂ ਦੋ ਜਾਂ ਦੋ ਤੋਂ ਵੱਧ ਮਾਲਕਾਂ ਵਿਚੋਂ ਇਕ ਹੋ, ਤਾਂ ਤੁਹਾਡੇ ਲਈ – ਲਿਖਤ ਰੂਪ ਵਿੱਚ – ਇਹ ਦਿਖਾਉਣਾ ਵੀ ਲਾਜ਼ਮੀ ਹੈ ਕਿ ਤੁਹਾਡੇ ਕੋਲ ਮਾਲਕਾਂ ਦੀ ਬਹੁਮਤ ਵਿੱਚ ਸਹਿਮਤੀ ਹੈ ਕਿ ਤੁਸੀਂ ਉਨ੍ਹਾਂ ਲਈ ਵੋਟ ਪਾ ਰਹੇ ਹੋ।

ਰਜਿਸਟਰੇਸ਼ਨ ਦੀਆਂ ਪ੍ਰਕਿਰਿਆਵਾਂ ਬਾਰੇ ਤਫ਼ਸੀਲ ਨਾਲ ਵਿਆਖਿਆ ਲਈ ਉਸ ਇਲਾਕੇ ਦੀ ਸਥਾਨਕ ਸਰਕਾਰ ਜਾਂ ਸਕੂਲ ਜ਼ਿਲ੍ਹੇ ਨਾਲ ਸੰਪਰਕ ਕਰੋ ਜਿੱਥੇ ਤੁਹਾਡੀ ਜਾਇਦਾਦ ਹੈ।

### ਸਥਾਨਕ ਚੋਣਾਂ ਕਦੋਂ ਕਰਵਾਈਆਂ ਜਾਂਦੀਆਂ ਹਨ?

ਸਥਾਨਕ ਚੋਣਾਂ ਹਰ ਤਿੰਨ ਸਾਲ ਮਗਰੋਂ ਕਰਵਾਈਆਂ ਜਾਂਦੀਆਂ ਹਨ। ਆਮ ਚੋਣਾਂ ਦਾ ਦਿਨ ਹਮੇਸ਼ਾਂ ਨਵੰਬਰ ਦਾ ਤੀਜਾ ਸ਼ਨੀਵਾਰ ਹੁੰਦਾ ਹੈ।

ਅਤਿਰਿਕਤ ਚੋਣਾਂ – ਜਿਨ੍ਹਾਂ ਨੂੰ ਉਪ-ਚੋਣਾਂ ਵੀ ਕਿਹਾ ਜਾਂਦਾ ਹੈ – ਕਿਸੇ ਹੋਰ ਵੇਲੇ ਕਿਸੇ ਸੀਟ ਦੇ ਖਾਲੀ ਹੋਣ 'ਤੇ ਕਰਵਾਈਆਂ ਜਾ ਸਕਦੀਆਂ ਹਨ।